**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

# ਟੀ. ਵੀ ਅਤੇ ਪੰਜਾਬੀ ਰੰਗਮੰਚ ਦਾ ਇਤਿਹਾਸ

**ਨਰਿੰਦਰ ਕੌਰ**
ਐਸੋਸੀਏਟ ਪ੍ਰੋਫੈਸਰ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਫਿਰੋਜ਼ਪੁਰ।

ਵਿਸ਼ਵ ਸਾਹਿਤ ਦੇ ਵਿਭਿੰਨ ਰੂਪਾਂ ਅਤੇ ਰੂਪਾਕਾਰਾਂ ਉਤੇ ਸਰਸਰੀ ਝਾਤ ਮਾਰਿਆਂ ਵੀ ਇਹ ਤੱਥ ਪ੍ਰਤੱਖ ਹੋ ਜਾਂਦਾ ਹੈ ਕਿ ਸਮੂਹ ਸਾਹਿਤ-ਰੂਪਾਂ ਵਿਚ ਨਾਟਕੀ-ਤੱਤਾਂ ਦਾ ਦਖਲ ਬੜੀ ਤੇਜੀ ਨਾਲ ਵੱਧ ਰਿਹਾ ਹੈ। ਸਾਹਿਤ ਵਿਚ ਵੱਧ ਰਹੀ ਨਾਟਕੀ ਤੱਤਾਂ ਦੀ ਵਰਤੋਂ ਦੱਸਦੀ ਹੈ ਕਿ ਵਿਗਿਆਨਕ ਯੁਗ ਵਿਚ ਗਿਆਨ-ਵਿਗਿਆਨ ਅਤੇ ਤਕਨਾਲੋਜੀ ਨਾਲ ਪੈਦਾ ਹੋਣ ਵਾਲੇ ਨਵੇਂ ਯਥਾਰਥ ਬੋਧ ਨੂੰ ਪ੍ਰਗਟਾਉਣ ਲਈ ਸਭ ਤੋਂ ਢੁੱਕਵੀ ਸਾਹਿਤ ਜੁਗਤ ਨਾਟਕੀਅਤਾ ਦੀ ਹੈ। ਇਸ ਲਈ ਜਿਵੇਂ-ਜਿਵੇਂ ਲੇਖਕਾਂ ਦੀ ਰਚਨਾ-ਦ੍ਰਿਸ਼ਟੀ ਵਿਚ ਵਿਗਿਆਨਕ ਚੇਤਨਾ ਦਾ ਪਾਸਾਰ ਹੋ ਰਿਹਾ ਹੈ ਉਵੇਂ-ਉਵੇਂ ਉਨ੍ਹਾਂ ਦੀਆਂ ਸਿਰਜਨਾਤਮਕ ਕਿਰਤਾਂ ਵਿਚ ਨਾਟਕੀ-ਜੁਗਤਾਂ ਦੀ ਵਰਤੋਂ ਉਪਰ ਬਲ ਵਧ ਰਿਹਾ ਹੈ। ਪੰਜਾਬੀ ਲੋਕ ਨਾਟਕ ਪੰਜਾਬੀ ਜਨ-ਜੀਵਨ ਦੇ ਆਸ-ਪਾਸ ਰਿਹਾ ਹੈ। ਮਨੁੱਖੀ ਜੀਵਨ ਦਾ ਅਕਸ ਨਾਟਕ ਰਾਹੀਂ ਰੰਗਮੰਚ ਉਪਰ ਸਦੀਆਂ ਤੋਂ ਸਾਹਮਣੇ ਆ ਰਿਹਾ ਹੈ। ਥੀਏਟਰ ਜਾਂ ਰੰਗਮੰਚ ਦਾ ਇਤਿਹਾਸ ਜਿਥੇ ਇਸ ਧਰਤੀ ਉੱਤੇ ਮਨੁੱਖ ਦਾ ਇਤਿਹਾਸ ਹੀ ਹੈ ਉਥੇ ਟੈਲੀਵਿਜਨ ਇਸ ਇਤਿਹਾਸ ਦਾ ਬੜਾ ਹੀ ਨਵਾਂ ਨਕੋਰ ਅਤੇ ਵਧੇਰੇ ਚਮਕਦਾਰ ਪੰਨਾ ਹੈ। ਥੀਏਟਰ ਅਤੇ ਟੈਲੀਵਿਜਨ ਦਾ ਸੰਬੰਧ ਬੜਾ ਨੇੜੇ ਦਾ ਹੈ। ਭਰਤ ਮੁਨੀ ਨੇ ਆਪਣੇ ਨਾਟ-ਸ਼ਾਸ਼ਤਰ ਵਿਚ ਨਾਟਕ ਨੂੰ ਦ੍ਰਿਸ਼-ਕਾਵਿ ਕਿਹਾ ਹੈ। ਵੀਹਵੀਂ ਸਦੀ ਵਿਚ ਇਸ ਦ੍ਰਿਸ਼ ਕਾਵਿ ਵਿਚ ਟੈਲੀਵਿਯਨ ਦੀ ਸ਼ਮੂਲੀਅਤ ਹੋ ਗਈ ਹੈ। ਜਦੋਂ ਤ੍ਰੇਤਾ ਯੁਗ ਵਿਚ ਇੰਦਰ ਆਦਿ ਦੇਵਤਿਆਂ ਨੂੰ ਨਾਲ ਲੈ ਕੇ ਭਰਤ ਜੀ ਬ੍ਰਹਮਾ ਜੀ ਕੋਲੋਂ ਮਨਪ੍ਰਚਾਵੇ ਦਾ ਅਜਿਹਾ ਸਾਧਨ ਮੰਗਣ ਗਏ ਜੋ ਅੱਖਾਂ ਤੇ ਕੰਨਾਂ ਦੋਹਾਂ ਨੂੰ ਸੁਖ ਦੇਵੇ ਤਾਂ ਬ੍ਰਹਮਾਂ ਜੀ ਨੇ ਚੌਹਾਂ ਵੇਦਾਂ ਦਾ ਧਿਆਨ ਕਰਦੇ ਹੋਏ ਇਕ ਪੰਜਵੇਂ ਵੇਦ ਨਾਟ ਵੇਦ ਦੀ ਰਚਨਾ ਕਰ ਦਿੱਤੀ। ਇਸ ਦ੍ਰਿਸ਼-ਕਾਵਿ ਦੀ ਉਤਪਤੀ ਓਦੋਂ ਵੀ ਆਮ ਲੋਕਾਂ ਦੇ ਮਨੋਰੰਜਨ ਦੇ ਨਾਲ-ਨਾਲ ਉਨ੍ਹਾਂ ਨੂੰ ਉੱਚਾ-ਸੁੱਚਾ ਜੀਵਨ ਜਿਉਣ ਦੀ ਪ੍ਰੇਰਨਾ ਦੇਣ ਲਈ ਕੀਤੀ ਗਈ ਸੀ। ਮੁੱਢ ਤੋਂ ਨਾਟਕ ਜਾਂ ਦ੍ਰਿਸ਼-ਕਾਵਿ ਨੂੰ ਮਨੁੱਖੀ ਗਿਆਨ-ਵਿਗਿਆਨ ਦਾ ਨਿਚੋੜ ਮੰਨਿਆ ਗਿਆ ਹੈ।

ਵਿਸ਼ਵ ਭਰ ਵਿਚ ਵੱਖ-ਵੱਖ ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਦੌਰਾਨ ਥੀਏਟਰ ਦਾ ਰੋਲ ਅਹਿਮ ਰਿਹਾ ਹੈ। ਇਹ ਜਿੱਥੇ ਮਨੋਰੰਜਨ ਦਾ ਸਿਹਤਮੰਦ ਸਾਧਨ ਹੈ। ਉਥੇ ਇਕ ਤਰ੍ਹਾਂ ਦੀ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਤੇ ਲੋਕਾਂ ਦੇ ਸੰਪੂਰਨ ਵਿਕਾਸ ਵਿਚ ਸਹਾਈ ਹੁੰਦਾ ਹੈ। ਨਾਟਕ ਮਨੁੱਖੀ ਜੀਵਨ ਜਾਚ ਸਖਾਉਣ ਵਿਚ ਸਹਾਈ ਹੁੰਦਾ ਹੈ। ਮਨੁੱਖ ਨੂੰ ਮੁਸੀਬਤਾਂ ਨਾਲ ਸੰਘਰਸ਼ ਕਰਨਾ ਨਾਟਕ ਸਖਾਉਂਦਾ ਹੈ। ਨਾਟਕ ਐਦਿਤਾ ਮੌਰਿਸ ਨੇ ਆਪਣੇ ਨਾਵਲ 'ਵੀਅਤਨਾਮ ਕੋ ਪਿਆਰ' ਵਿੱਚ ਲਿਖਿਆ ਹੈ ਕਿ ਜਦੋਂ ਅਮਰੀਕਾ ਨੇ ਵੀਅਤਨਾਮ ਤੇ ਬੰਬ ਸੁੱਟੇ ਤਾਂ ਲੋਕਾਂ ਨੇ ਯੁੱਧ ਦਾ ਵਿਰੋਧ ਨਾਟਕਾਂ ਰਾਹੀ ਕੀਤਾ ਭਾਵੇਂ ਅਮਰੀਕਾ ਨੇ ਉਥੇ ਨਾਟਕ ਤੇ ਪਾਬੰਧੀ ਲਾਈ ਸੀ। ਪਰ ਫਿਰ ਵੀ ਸਥਾਨਕ ਲੋਕ ਲੁਕ-ਛਿਪ ਕੇ ਨਾਟਕ ਕਰਦੇ ਰਹੇ ਤੇ ਲੋਕਾਂ ਦਾ ਮਾਨਸਿਕ ਬਲ ਬਣਾਈ ਰੱਖਿਆ। ਜਰਮਨ ਦੇ ਕ੍ਰਾਂਤੀਕਾਰੀ ਨਾਟਕਕਾਰ ਬਰਤੋਲਤ ਬਰੈਖਤ ਨੇ ਨਾਟਕ ਨੂੰ ਇਕ ਵੱਡੇ ਹਥਿਆਰ ਵਜੋਂ ਵਰਤਿਆ। ਅਰਸਤੂ ਦੇ ਕਥਾਰਸਿਸ ਦੇ ਸਿਧਾਂਤ ਦੇ ਐਨ ਉਲਟ ਦਰਸ਼ਕਾਂ ਦੀ ਇਕਾਗਰਤਾ ਤੇ ਇਕਸੁਕਤਾ ਨੂੰ ਤੋੜ ਕੇ ਉਹਨਾਂ ਨੂੰ ਮਾੜੇ ਨਿਜ਼ਾਮ ਵਿਰੁੱਧ ਸੋਚਣ ਲਈ ਮਜ਼ਬੂਰ ਕੀਤਾ।

ਨਾਟਕ ਨੂੰ ਰੂਪਗਤ ਪੱਖੋਂ ਵੰਡ ਕਰੀਏ ਤਾਂ ਇਹ ਕਈ ਪ੍ਰਕਾਰ ਦੇ ਹੁੰਦੇ ਹਨ ਬਹੁ-ਝਾਕੀਏ ਬਹੁ-ਅੰਕੇ, ਬਹੁ-ਝਾਕੀਏ ਤਿੰਨ ਅੰਕੇ, ਬਹੁ-ਝਾਕੀਏ ਚਾਰ ਅੰਕੇ, ਬਹੁ-ਝਾਕੀਆਂ ਪੰਜ ਅੰਕੇ, ਬਹੁ-ਝਾਕੀਏ ਤਿੰਨ-ਅੰਕੇ,ਇਕ-ਸਥਾਨੀ ਇਕ ਝਾਕੀਏ,ਝਾਕੀਆਂ ਤੇ ਅੰਕਾਂ ਤੇ ਵੰਡ ਰਹਿਤ,ਇਕ ਝਾਕੀਏ ਇਕ ਮਨਬਚਨੀਏ ਤਿੰਨ-ਅੰਕੇ। ਕਾਵਿ-ਨਾਟਕ, ਗੀਤ-ਨਾਟਕ, ਪ੍ਰਭਾਵ-ਨਾਟਕ, ਰੇਡੀਓ-ਨਾਟਕ, ਰੇਡੀਓ-ਰੂਪਕ, ਟੀ.ਵੀ.ਨਾਟਕ, ਪ੍ਰਕਾਸ਼-ਧੁਨੀ ਨਾਟਕ, ਚਿੱਤਰ-ਨਾਟਕ।ਵਿਸ਼ੇਗਤ ਪੱਖੋਂ ਨਾਟਕ ਦੋ ਭਾਗ ਦੇ ਹੁੰਦੇ ਹਨ। ਦ੍ਰਿਸ਼ ਤੇ ਸੂਚਿਤ। ਦ੍ਰਿਸ਼ ਅੰਸ਼ ਦਾ ਵਿਧਾਨ ਅੰਕਾਂ ਵਿਚ ਹੁੰਦਾ ਹੈ।.....ਸੰਸਕ੍ਰਿਤ ਵਿਚ ਅੰਕ ਦਾ ਸ਼ਬਦ ਪ੍ਰਯੋਗ ਕਈ ਅਰਥਾਂ ਵਿਚ ਕੀਤਾ ਜਾਂਦਾ ਹੈ ਜਿਵੇਂ:-ਸੰਖਿਆ, ਚਿੰਨ, ਗੋਂਦ ਆਦਿ ਅਰਥ ਪਰਿਚਿਤ ਹੀ ਹਨ। ਰੂਪਗਤ ਪੱਖੋਂ ਕੀਤੀ ਗਈ ਵੰਡਣ ਵਿਚ ਇਕ, ਦੋ,ਤਿੰਨ, ਚਾਰ ਤੇ ਪੰਜ ਅੰਕੀ ਨਾਟਕਾਂ ਵਿਚ ਅੰਕ ਸੰਬੰਧੀ ਭਰਤਮੁਨੀ ਲਿਖਦੇ ਹਨ।

''ਇਹ ਰੂੜ੍ਹੀ ਸ਼ਬਦ ਹੈ। ਭਾਵ ਤੇ ਅਰਥਾਂ ਰਾਹੀਂ ਕਈ ਭਾਂਤ ਨਾਲ ਵਿਧਾਨ ਯੁਕਤ ਹੋ ਕੇ ਅਰਥਾਂ ਦਾ ਬੋਧ ਕਰਾਉਂਦਾ ਹੈ, ਇਸ ਲਈ ਇਸ ਨੂੰ ਅੰਕ ਕਹਿੰਦੇ ਹਨ ......ਸਾਰੇ ਰੂਪਕਾਂ ਵਿਚ ਅੰਕਾਂ ਦੀ ਗਿਣਤੀ ਇਕੋ ਤਰ੍ਹਾਂ ਦੀ ਨਹੀਂ ਹੁੰਦੀ।

ਸ਼ਾਂਤੀ ਗੁਪਾਲ ਪਰੋਹਿਤ, ਨਾਟਯ ਦਰਸ਼ਨ ਵਿਚ ਲਿਖਦੇ ਹਨ:-

ਜਦ ਕੋਈ ਵਿਅਕਤੀ ਕਾਰਜ ਅਧੀਨ ਹੋ ਕੇ ਦੂਰ ਚਲਾ ਜਾਵੇ ਤਾਂ ਅੰਕ ਉਥੇ ਹੀ ਮੁੱਕ ਜਾਣਾ ਚਾਹੀਦਾ ਹੈ।

ਅਗੇ ਲਿਖਦੇ ਹਨ ਜਿਥੇ ਪੱਛਮੀ ਸਾਹਿਤ ਵਿਚ ਨਾਟਕਾਂ ਨੂੰ ਪੰਜ ਅੰਕਾਂ ਵਿਚ ਵੰਡਣ ਦੀ ਪ੍ਰਨਾਲੀ ਹੋਰੇਸ ਤੋ ਪ੍ਰਾਰੰਭ ਹੋਈ ਤੇ ਦ੍ਰਿਸ਼ਾਂ ਦਾ ਪ੍ਰਯੋਗ ਸਿਨੇਮਾ ਨਾਲ ਪ੍ਰਾਰੰਭ ਹੋਇਆ ਉਥੇ ਸੰਸਕ੍ਰਿਤ ਨਾਟਯ ਸਾਹਿੱਤ ਵਿਚ ਅੰਕਾਂ ਦਾ ਪ੍ਰਚਲਨ ਬਹੁਤ ਪ੍ਰਾਚੀਨ ਕਾਲ ਤੋਂ ਹੁੰਦਾ ਆਇਆ ਹੈ।

ਰਾਮ ਸਾਗਰ ਤ੍ਰਿਪਾਠੀ, ਭਾਰਤੀ ਨਾਟਯ ਸ਼ਾਸਤ੍ਰ ਔਰ ਰੰਗ-ਮੰਚ ਵਿਚ ਲਿਖਦੇ ਹਨ:-

ਨਾਟਯ ਸ਼ਾਸਤ੍ਰ ਅਨੁਸਾਰ ਅੰਕਾਂ ਤੇ ਸੰਧੀਆਂ ਦੀ ਯੋਜਨਾ ਵਸਤੂ ਦਾ ਹੀ ਅੰਗ ਹੈ ਜੋ ਵਸਤੂ ਦੇ ਘੇਰੇ ਵਿਚ ਆਉਂਦਾ ਹੈ । ਵੱਖ ਵੱਖ ਰੂਪਕਾਂ ਤੇ ਉਪਰੂਪਕਾਂ ਵਿਚ ਸੰਧੀਆਂ ਦੀ ਗਿਣਤੀ ਵੀ ਵੱਖ ਵੱਖ ਹੈ। ਕਈ ਵਾਰ ਪੰਜ ਤੋਂ ਦਸ ਤੱਕ ਅੰਕ ਹੁੰਦੇ ਹਨ।

ਦੁਨੀਆਂ ਦੇ ਸਾਰੇ ਨਾਟਕ-ਸਾਹਿੱਤ ਦੇ ਆਚਾਰੀਆਂ ਦਾ ਮੱਤ ਹੈ ਕਿ ਵੱਖ ਵੱਖ ਦੇਸ਼ਾਂ ਜਿਵੇਂ ਯੂਨਾਨ, ਰੋਮ, ਇੰਗਲੈਂਡ, ਜਾਪਾਨ, ਜਰਮਨੀ ਤੇ ਭਾਰਤ ਆਦਿ ਵਿਚ ਆਰੰਭ ਵਿਚ ਵੱਖ ਵੱਖ ਭਾਂਤ ਦੀ ਸ਼ਿਲਪ ਜਾਂ ਵਿਧੀ ਨਾਲ ਰੰਗ-ਮੰਚ ਤੇ ਨਾਟਕ ਖੇਡੇ ਜਾਂਦੇ ਹਨ। ਇਸ ਲਈ ਨਾਟਕ ਨੂੰ ਜਿਥੇ ਕਥਾ-ਵਸਤੂ ਤੇ ਨਾਟਕ ਦੇ ਵਿਸ਼ੇ ਅਨੁਸਾਰ ਨਾਟਕ ਨੂੰ ਅੰਕਾਂ ਤੇ ਅੰਕਾਂ ਨੂੰ ਝਾਕੀਆਂ ਵਿੱਚ ਵੰਡਿਆ ਜਾਂਦਾ ਸੀ, ਉਥੇ ਰੰਗ-ਮੰਚ ਦੀ ਬਣਤਰ ਅਨੁਸਾਰ ਵੀ ਵੰਡਿਆ ਜਾਂਦਾ ਸੀ। ਪੇਸ਼ਕਾਰੀ ਦੇ ਪੱਖੋਂ ਪੁਰਾਤਨ ਸਮੇ ਵਿਚ ਨਾਟਕੀ ਦ੍ਰਿਸ਼ ਮੰਚ-ਜੜ੍ਹਤ ਨਾਲ ਨਹੀਂ, ਸਗੋਂ ਬਿਆਨੀਆ ਜਾਣਕਾਰੀ ਜਾਂ ਪਾਤਰਾਂ ਦੇ ਵਾਰਤਾਲਾਪ ਨਾਲ ਉਸਾਰੀ ਜਾਂਦੀ ਸੀ। ਆਰੰਭਿਕ ਨਾਟਕਾਂ ਵਿਚ ਨਿੱਕੇ ਨਿੱਕੇ ਦ੍ਰਿਸ਼ ਹੁੰਦੇ ਸਨ।

ਪੰਜਾਬੀ ਨਾਟਕਕਾਰਾਂ ਨੇ ਆਪਣੇ ਮੌਲਿਕ ਨਾਟਕਾਂ ਨੂੰ ਵੱਖ ਵੱਖ ਢੰਗ ਨਾਲ ਅੰਕਾਂ ਤੇ ਝਾਕੀਆਂ ਵਿਚ ਵੰਡਿਆ ਹੈ। 'ਪਿਤਾ ਪਿਆਰ (1932 ਵਿਚ ਲਿਖਿਆ 1938 ਵਿਚ ਛਪਿਆ) ਇਹ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ। ਇਸਦੇ ਪੰਜ ਅੰਕ ਤੇ 32 ਝਾਕੀਆਂ ਹਨ। ਇਹ ਬਹੁ ਝਾਕੀਏ ਪੰਜ ਅੰਕੀ ਨਾਟਕ ਹੈ। ਡਾਂ. ਚਰਨਦਾਸ ਸਿੱਧੂ ਨੇ ( ਬਾਬਾ-ਬੰਤੂ) ਪੰਜ ਅੰਕੀ ਨਾਟਕ ਲਿਖਿਆ ਜਿਸ ਦੀਆਂ ਦਸ ਝਾਕੀਆਂ ਹਨ। ਕਿਰਪਾ ਸਾਗਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਚਾਰ ਅੰਕ ਤੇ 28 ਝਾਕੀਆਂ ਹਨ।

ਪਹਿਲਾਂ ਪਹਿਲ ਰੰਗ -ਮੰਚ ਯਥਾਰਥਵਾਦੀ ਢੰਗ ਨਾਲ ਨਹੀ ਸੀ ਉਸਾਰਿਆ ਜਾਂਦਾ ।ਝਾਕੀ ਲਈ ਚਿਤਰੇ ਰੰਗਦਾਰ ਲਪੇਟਵੇ ਪਰਦੇ ਵਰਤੇ ਜਾਂਦੇ ਹਨ। ਅੱਜ ਦੀ ਨਵੀਂ ਸ਼ਿਲਪ ਨਾਲ ਅੰਕਾਂ ਤੇ ਝਾਕੀਆਂ ਦੀ ਵੰਡ ਬਿਨਾ ਨਾਟਕ ਲਿਖੇ ਜਾ ਰਹੇ ਹਨ। ਇਸ ਵਿਚ ਸਾਰਾ ਦ੍ਰਿਸ਼ ਇਕੋ ਵਾਰੀ ਸਿਰਜ ਲਿਆ ਜਾਂਦਾ ਹੈ ਤੇ ਉਥੇ ਹੀ ਸਾਰਾ ਕਾਰਜ ਲਗਾਤਾਰ ਵਾਪਰਦਾ ਹੈ ਜਿਵੇਂ ਜਗਜੀਤ ਸਿੰਘ ਕੋਮਲ ਦਾ 'ਸੂਰਜ ਤੱਪ ਕਰਦਾ ਹੈ 'ਨਾਟਕ। 'ਮਰਦ ਮਰਦ ਨਹੀ ਤੀਵੀਂ ਤੀਵੀਂ ਨਹੀ।'ਇਕ ਝਾਕੀਏ ਇਕ ਅੰਕ ਵਿਚ ਸਾਰਾ ਨਾਟਕ ਸੰਪੂਰਨ ਕੀਤਾ ਹੈ । ਸੋ ਅੱਜ ਕੱਲ ਮੰਚੀ -ਸ਼ਿਲਪ ਨੇ ਨਾਟਕ ਦੀ ਬਣਤਰ ਵਿਚ ਬੜੇ ਵਿਲੱਖਣ ਪਰਿਵਰਤਨ ਲਿਆਂਦੇ ਹਨ ਜਿਸ ਨਾਲ ਨਾਟਕ ਵਿਚ ਡੂੰਘਿਆਈ, ਨਾਟਕੀ ਤੀਖਣਤਾ, ਵਿਸ਼ਾਲਤਾ ਤੇ ਥੋੜੇ ਨਾਲ ਬਹੁਤ ਕਹਿਣ ਦੀ ਸਮੱਰਥਾ ਆ ਗਈ ਹੈ।

ਨਾਟਕ ਖੇਡੇ ਜਾਣ ਵਾਲਾ ਮਾਧਿਅਮ ਹੈ ਤੇ ਇਸ ਖੇਡ ਲਈ ਜੋ ਮਾਨਸਿਕ ਧਰਾਤਲ ਚਾਹੀਦੀ ਹੈ ਉਹ ਅਜੇ ਤੱਕ ਪੰਜਾਬੀਆ ਨੇ ਵਿਕਸਿਤ ਹੀ ਨਹੀ ਕੀਤੀ । ਇਕੇ ਦੁਕੇ ਯਤਨ ਸਾਰਥਕ ਵੀ ਰਹੇ ਹਨ ਅਤੇ ਕਾਰਗਾਰ ਵੀ।

ਭਰਤਮੁਨੀ ਨੇ ਆਪਣੇ ਨਾਟ - ਸ਼ਾਸ਼ਤਰ ਵਿਚ ਨਾਟਕ ਨੂੰ ਦ੍ਰਿਸ਼ - ਕਾਵਿ ਕਿਹਾ ਹੈ । ਵੀਹਵੀਂ ਸਦੀ ਵਿਚ ਇਸ ਦ੍ਰਿਸ਼ - ਕਾਵਿ ਵਿਚ ਟੈਲੀਵਿਜ਼ਨ ਦੀ ਸ਼ਮੂਲੀਅਤ ਹੋ ਗਈ ਹੈ । ਜਦੋ ਤ੍ਰੇਤਾ ਯੁੱਗ ਵਿਚ ਇੰਦਰ ਆਦਿ ਦੇਵਤਿਆਂ ਨੂੰ ਨਾਲ ਲੈ ਕੇ ਭਰਤ ਜੀ ਬ੍ਰਹਮਾ ਜੀ ਕੋਲੋਂ ਮਨਪ੍ਰਚਾਵੇ ਦਾ ਅਜਿਹਾ ਸਾਧਨ ਮੰਗਣ ਗਏ ਜੋ ਅੱਖਾਂ ਤੇ ਕੰਨਾਂ ਦੋਹਾਂ ਨੂੰ ਸੁਖ ਦੇਵੇ ਤਾਂ ਬ੍ਰਹਮ ਜੀ ਨੇ ਚੌਹਾਂ ਵੇਦਾਂ ਦਾ ਧਿਆਨ ਕਰਦੇ ਹੋਏ ਇਕ ਪੰਜਵੇਂ ਵੇਦ ਨਾਟ ਵੇਦ ਦੀ ਰਚਨਾਂ ਕਰ ਦਿੱਤੀ। ਉਨ੍ਹਾਂ ਇਹ ਰਚਨਾ ਇਹ ਸੋਚ ਕੇ ਕੀਤੀ ਕਿ ਨਾਟ ਵੇਦ ਆਉਣ ਵਾਲੇ ਲੋਕਾਂ ਨੂੰ ਧਰਮ ਦੀ ਰਾਹ ਉੱਤੇ ਚੱਲਣ ਦੀ ਪ੍ਰੇਰਣਾ ਦੇਵੇਗਾ ਤੇ ਸਾਰੇ ਸ਼ਾਸਤਰਾਂ , ਕਲਾਵਾਂ ਅਤੇ ਸ਼ਿਲਪਾਂ ਦਾ ਗਿਆਨ ਲੋਕਾਂ ਨੂੰ ਇਸ ਤੋਂ ਮਿਲੇਗਾ । ਭਾਵ ਇਹ ਹੈ ਕਿ ਦ੍ਰਿਸ਼ - ਕਾਵਿ ਦੀ ਉਤਪਤੀ ਉਦੋਂ ਵੀ ਆਮ ਲੋਕਾਂ ਦੇ ਮਨੋਰੰਜਨ ਨਾਲ- ਨਾਲ ਉਨ੍ਹਾਂ ਨੂੰ ਉੱਚਾ - ਸੁੱਚਾ ਜੀਵਨ ਜਿਉਣ ਦੀ ਪ੍ਰੇਰਨਾ ਦੇਣ ਲਈ ਕੀਤੀ ਗਈ ਸੀ । ਇਸ ਪ੍ਰਕਾਰ ਮੁੱਢ ਤੋ ਹੀ ਨਾਟਕ ਜਾਂ ਦ੍ਰਿਸ਼ - ਕਾਵਿ ਨੂੰ ਮਨੁੱਖੀ ਗਿਆਨ - ਵਿਗਿਆਨ ਦਾ ਨਿਚੋੜ ਮੰਨਿਆ ਗਿਆ ਹੈ। ਆਧੁਨਿਕ ਯੁਗ ਵਿਚ ਜਨ - ਮਨੋਰੰਜਨ ਅਤੇ ਜਨ ਸੰਚਾਰ ਦਾ ਸਰਬ ਸ਼ਕਤੀਮਾਨ ਸਾਧਨ ਟੈਲੀਵਿਯਨ ਹੈ।

ਟੈਲੀਵਿਯਨ ਵਿਵਧਤਾ ਪੂਰਨ ਸੰਚਾਰ ਮਾਧਿਅਮ ਹੈ ਜਿਸਦੇ ਪ੍ਰੋਗਰਾਮਾਂ ਦੇ ਤਹਿਤ ਸਿੱਖਿਆ , ਸੂਚਨਾ , ਮਨਪ੍ਰਚਾਵਾ, ਖੇਡ ਆਦਿ ਕਈ ਕੁਝ ਆਉਂਦਾ ਹੈ । ਭਾਰਤ ਵਿਚ ਸੰਨ 1959 ਵਿਚ ਸ਼ੁਰੂ ਹੋਣ ਤੋ ਲੈ ਕੇ ਟੈਲੀਵਿਯਨ ਦੋ ਪੱਧਰਾਂ ਤੇ ਤੇਜ਼ੀ ਨਾਲ ਕਾਰਜ਼ਸੀਲ ਹੋ ਰਿਹਾ ਹੈ। ਇਕ ਪੱਧਰ ਤਕਨੀਕੀ ਵਿਕਾਸ ਤੇ ਕਾਢਾਂ ਦਾ ਹੈ ਜਿਨ੍ਹਾਂ ਦੇ ਕਾਰਨ ਇਸ ਦੇ ਚੈਨਲਾਂ ਵਿਚ ਦਿਨ

ਪ੍ਰਤੀਦਿਨ ਵਾਧਾ ਹੋ ਰਿਹਾ ਹੈ। ਦੂਜਾ ਪੱਧਰ ਇਸਦੇ ਪ੍ਰੋਗਰਾਮਾਂ ਵਿਚ ਵਧ ਰਹੀ ਵਿਵਧਤਾ ਦਾ ਹੈ ਜਿਸ ਵਿਚ ਇਹ ਸਿੱਖਿਆਦਾਇਕ ਮਾਧਿਅਮ ਤੋ ਹੁਣ ਵਿਵਿਧ ਭਾਂਤ ਦੇ ਪ੍ਰੋਗਰਾਮ ਉਪਲਬਧ ਕਰਨ ਵਾਲਾ ਮਾਧਿਅਮ ਬਣ ਗਿਆ ਹੈ।

ਭਾਰਤ ਵਿਚ ਟੈਲੀਵਿਯਨ ਦੀ ਸ਼ੁਰੂਆਤ ਸੰਨ 1959 ਵਿਚ ਦਿੱਲੀ ਅਤੇ ਉਸਦੇ ਆਲੇ ਦੁਆਲੇ ਦੇ ਚਾਲੀ ਕੁ ਮੀਲ ਦੇ ਖੇਤਰ ਵਿਚ ਸਿੱਖਿਆ ਤੇ ਵਿਦਿਆ ਸੰਬੰਧੀ ਪ੍ਰੋਗਰਾਮਾਂ ਦੇ ਪ੍ਰਸਾਰਣ ਨਾਲ ਹੋਈ। ਇਹ ਪ੍ਰੋਗਰਾਮ ਹਾਈ ਸਕੂਲ ਤੱਕ ਦੇ ਵਿਦਿਆਰਥੀਆਂ ਦੀ ਕਲਾਸ ਰੂਮ ਅਧਾਰਿਤ ਸਿੱਖਿਆ ਦੀ ਪੂਰਤੀ ਕਰਨ ਲਈ ਮਿਥੇ ਗਏ ਸਨ । ਇਨ੍ਹਾਂ ਦੇ ਨਾਲ ਹੀ ਕੁਝ ਪ੍ਰੋਗਰਾਮ ਕਿਸਾਨਾਂ ਨੂੰ ਖੇਤੀ, ਸਫਾਈ, ਖਾਦਾਂ ਦੀ ਵਰਤੋ ਤੇ ਫਸਲਾ ਦੀ ਬੀਜ - ਬਿਜਾਈ ਸੰਬੰਧੀ ਦੱਸਣ ਲਈ ਸ਼ੁਰੂ ਕੀਤੇ ਗਏ। ਸੰਨ 1972 ਤੋ ਲੈ ਕੇ 1982 ਤੱਕ ਭਾਰਤ ਵਿਚ ਟੈਲੀਵਿਯਨ ਦਾ ਤੇਜੀ ਨਾਲ ਵਿਸਥਾਰ ਹੋਇਆ। ਪ੍ਰੋਗਰਾਮਾਂ ਦੀਆਂ ਕਿਸਮਾਂ ਵਿਚ ਵਾਧਾ ਹੋਣ ਲੱਗਾ ਤੇ ਟ੍ਰਾਂਸਮਿਸ਼ਨ ਤੋ ਪ੍ਰੋਡਕਸ਼ਨ ਤਕਨੀਕਾਂ ਵਿਚ ਵਿਕਾਸ ਹੋਇਆ । ਸਿੱਖਿਆ ਅਤੇ ਜਨਸੰਚਾਰ ਸਮਾਜ ਦੇ ਦੋ ਅਜਿਹੇ ਪਹਿਲੂ ਹਨ ਜੋ ਮਨੁੱਖ ਦੀ ਚੇਤਨ ਅਤੇ ਜੀਵਨ ਦ੍ਰਿਸ਼ਟੀ ਨੂੰ ਢਾਲਣ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਉਦੇ ਹਨ।ਸਮਾਜ ਲਈ ਹਿੱਤਕਾਰੀ ਅਤੇ ਕਲਿਆਣਕਾਰੀ ਬਨਣ ਲਈ ਟੈਲੀਵਿਯਨ ਦਾ ਇਕ ਜੀਵੰਤ, ਬੁੱਧੀਮਾਨ ਅਤੇ ਸੰਵੇਦਨਸ਼ੀਲ ਮਾਧਿਅਮ ਬਣ ਕੇ ਕਾਰਜਸ਼ੀਲ ਹੋਣਾ ਜਰੂਰੀ ਹੈ।

ਟੈਲੀਵਿਯਨ ਦੇ ਪ੍ਰਸੰਗ ਵਿਚ ਖੁਸ਼ਵੰਤ ਸਿੰਘ ਲਿਖਦੇ ਹਨ।-

"ਮਾਂ ਨੂੰ ਚਾਹੀਦਾ ਹੈ ਕਿ ਬੱਚਿਆ ਨੂੰ ਰਮਾਇਣ ਦੀ ਕਹਾਣੀ ਸੁਣਾਵੇ। ਪਰ ਇਸਨੂੰ ਸਾਲ ਭਰ ਦੂਰਦਰਸ਼ਨ ਉਤੇ ਦਿਖਾਉਦੇ ਰਹਿਣ ਦਾ ਮਤਲਬ ਹੈ ਅਨਪੜਾਂ ਅਤੇ ਅਧ ਪੜ੍ਹਿਆਂ ਨੂੰ ਮਾਵਾ ਛਕਾਉਣਾ।"

ਟੈਲੀਵਿਜ਼ਨ ਬੱਚਿਆਂ ਨੂੰ ਸਭ ਤੋ ਵੱਧ ਪ੍ਰਭਾਵਿਤ ਕਰਦਾ ਹੈ। ਅਜਕਲ ਬਾਲ ਸਕੂਲਾਂ ਤੋ ਇਤਨਾਂ ਕੁਝ ਨਹੀ ਗ੍ਰਹਿਣ ਕਰਦੇ ਜਿਤਨਾ ਉਹ ਟੈਲੀਵਿਯਨ ਤੋ ਸਿੱਖ ਰਹੇ ਹਨ। ਟੀ.ਵੀ. ਨਾਟਕ ਵਿਚ ਕੈਮਰਾ ਮਾਧਿਅਮ ਹੈ, ਟੀ.ਵੀ. ਨਾਟਕ ਦਾ ਕੁਝ ਹਿੱਸਾ ਫਿਲਮ ਵਾਂਗ ਬਾਹਰ ਫਿਲਮਾਇਆ ਜਾਂਦਾ ਹੈ । ਬਾਕੀ ਹਿੱਸਾ ਸਟੂਡੀਉ ਵਿਚ ਤਿਆਰ ਕੀਤਾ ਜਾਂਦਾ ਹੈ। ਸਟੂਡੀਉ ਵਿਚ ਅਭਿਨੈ ਕਰਦੇ ਅਭਿਨੈਤਾਵਾਂ ਦੀਆਂ ਫੋਟੋਆਂ ਖਿੱਚ ਲਈਆਂ ਜਾਦੀਆਂ ਹਨ ਤੇ ਫੇਰ ਬਾਹਰ ਲਈ ਫਿਲਮ ਤੇ ਅਭਿਨੈ ਕਰਦੇ ਅਭਿਨੇਤਾ ਦੀਆਂ ਲਈਆਂ ਫਿਲਮਾਂ ਇਕੱਠੀਆਂ ਕਹਾਣੀ ਦੀ ਵਿਉਂਤ ਅਨੁਸਾਰ ਟੀ. ਵੀ ਦੀ ਸਕਰੀਨ ਤੇ ਵਿਖਾ ਦਿੱਤੀਆਂ ਜਾਦੀਆਂ ਹਨ ,ਪਰ ਟੀ.ਵੀ. ਨਾਟਕ ਫਿਲਮ ਵਰਗਾ ਰਸ ਨਹੀਂ ਦੇ ਸਕਦਾ। ਟੀ.ਵੀ.ਦਾ ਪ੍ਰਦਰਸ਼ਨ ਨਾ ਤੇ ਥੀਏਟਰੀਕਲ ਹੋ ਸਕਦਾ ਹੈ ਤੇ ਨਾਂ ਹੀ ਸਿਨੇਮੇ ਵਰਗਾ। ਟੀ.ਵੀ.ਦੀ ਸਕਰੀਨ ਛੋਟੀ ਹੁੰਦੀ ਹੈ। ਇਸ ਵਿਚ ਜਟਿਲ ਦ੍ਰਿਸ਼ ਵਿਖਾਉਣਾ ਬਹੁਤ ਕਠਿਨ ਹੁੰਦਾ ਹੈ। ਮੰਚ ਉਪਰ ਦਰਸ਼ਕਾਂ ਤੇ ਅਭਿਨੇਤਾਵਾਂ ਵਿਚਕਾਰ ਵਿੱਥ ਰਹਿੰਦੀ ਹੈ । ਉਹ ਅੱਗੇ ਪਿੱਛੇ ਵੀ ਹੋ ਸਕਦੇ ਹਨ।

ਡਾ. ਸੰਤੋਸ਼ ਗਾਰਗੀ ਟੈਲੀਵਿਯਨ ਬਾਰੇ ਲਿਖਦੇ ਹਨ ।

"ਅਸੀ ਟੈਲੀਵਿਜਨ ਨੂੰ ਕਲੋਜ- ਅਪ (close up) ਦਾ ਨਾਟਕ ਕਹਿ ਸਕਦੇ ਹਾਂ। ਇਹਨਾ ਨਾਟਕਾਂ ਵਿਚ ਸੰਵਾਦ ਯੋਜਨਾ ਤੇ ਨਿਕਟ ਵਰਤੀ ਮੁੱਖ ਮੁਦਰਾ ਤੇ ਬਹੁਤ ਜ਼ੋਰ ਹੁੰਦਾ ਹੈ। ਇਸ ਵਿਚ ਸਿਨਮੇ ਤੇ ਥੀਏਟਰ ਦੀ ਚਿਤਰਾਤਮਿਕਤਾ ਤੇ ਕਲਪਨਾਸ਼ੀਲਤਾ ਦਾ ਅਭਾਵ ਹੁੰਦਾ ਹੈ।"

ਇਸ ਪ੍ਰਕਾਰ ਟੀ.ਵੀ. ਨਾਟਕ ਮੰਚੀ ਤੇ ਫਿਲਮੀ ਨਾਟਕ ਤੋਂ ਬਹੁਤ ਭਿੰਨ ਹੈ। ਮੰਚੀ ਨਾਟਕ ਵਿਚ ਮੰਚ ਤੇ ਸੁਜੀਵ ਅਭਿਨੇਤਾ ਹੁੰਦੇ ਹਨ ਤੇ ਅੱਗੇ ਬੇਗਿਣਤ ਭਾਂਤ - ਭਾਂਤ ਦੇ ਰੰਗ, ਵਿਚਾਰਾਂ ਤੇ ਮਿਆਰਾਂ ਦੇ ਦਰਸ਼ਕ ਬੈਠੇ ਹੁੰਦੇ ਹਨ । ਇਹ ਦਰਸ਼ਕ ਮੰਗ ਤੇ ਹੋ ਰਹੇ ਨਾਟਕਾ ਬਾਰੇ ਅਚੇਤ - ਸੁਚੇਤ ਪ੍ਰਤਿਕਰਮ ਕਰਦੇ ਹਨ, ਜਿਹੜੇ ਪ੍ਰਤਿਕਰਮ ਅਭਿਨੇਤਾਵਾਂ ਨੂੰ ਲਤਾੜਦੇ ,ਉਸਾਰਦੇ ਅਤੇ ਸਤਿਕਾਰਕੇ ਹਨ , ਜੋ ਉਹਨਾਂ ਦੀ ਕਲਾ ਦੇ ਵਿਕਾਸ ਲਈ ਅਵਸਰ ਬਖਸ਼ ਸਕਦੇ ਹਨ। ਹਰ ਬੋਲਣ ਵਾਲੇ ਦਾ ਕਲੋਜ -ਅਪ ਸਾਹਮਣੇ ਆਉਂਦਾ ਹੈ। ਕਲੋਜ - ਅਪ ਵਿਧੀ ਦੇ ਆਧਾਰ ਤੇ ਟੀ. ਵੀ. ਨਾਟਕਾ ਛਿਨਾਂ ਵਿਚ ਜੀ ਰਹੇ ਅੱਜ ਦੇ ਖੰਡਿਤ ਮਨੁੱਖ ਨੂੰ ਅਭਿਵਿਅਕਤ ਕਰਨ ਲਈ ਅਭਿਨੇਤਾ ਦੇ ਅੰਦਰਲੇ ਦਵੰਦਾਤਮਿਕ ਸੰਘਰਸ਼ ਦਾ ਐਕਸ- ਰੇ ਕਰਨਾਂ ਹੀ ਇਸ ਨਾਟਕ ਦੀ ਸੀਮਾ ਹੈ ਤੇ ਇਹੀ ਇਸ ਦਾ ਉਦੇਸ਼ ਹੈ।

ਜਲੰਧਰ ਦੂਰਦਰਸ਼ਨ ਕੇਂਦਰ ਦੇ ਨਾਟਕ ਨਿਰਦੇਸ਼ਕ ਸਰਦਾਰ ਜੀਤ ਬਾਵਾ ਦਾ ਮੱਤ ਹੈ -

'ਟੀ.ਵੀ. ਨਾਟਕ ਅਭਿਨੇਤਾਵਾ ਦੇ ਕਲੋਜ਼- ਅਪਸ ਦੇ ਟੋਟਿਆਂ ਨੂੰ ਜੁਗਤੀ ਨਾਲ ਜੋੜ ਕੇ ਮਾਨਵੀ ਘੋਲ ਨੂੰ ਸਾਕਾਰ ਕਰਨ ਵਾਲੀ ਆਪਣੀ ਭਾਂਤ ਦੀ ਨਾਟਕ ਵਿਧਾ ਹੈ। ਟੀ. ਵੀ. ਨਾਟਕ ਨਿਰੇ ਕਲੋਜ - ਅਪਸ ਦੀ ਲੀਲ੍ਹਾ ਹੈ ਤੇ ਪਾਤਰ ਦਾ ਚਿਹਰਾ ਜਾ ਅੱਧਾ - ਧੜ ਹੀ ਵਿਖਾਇਆ ਜਾਂਦਾ ਹੈ । ਇਸ ਲਈ ਇਸਨੂੰ ਲੱਤਾਂ ਰਹਿਤ ਅਭਿਨੇਤਾਵਾਂ ਦੇ ਅਭਿਨੈ ਵਾਲਾ ਨਾਂਟਕ ਕਿਹਾ ਜਾਂਦਾ ਹੈ।'

ਟੀ. ਵੀ. ਨਾਟਕ ਕਲੋਜ਼ - ਅਪਸ ਦੇ ਟੋਟਿਆਂ ਤੇ ਚਿਹਰਿਆਂ ਦੀ ਨਿਕਟ ਵਰਤੀ ਨਾਟਕੀ ਲੀਲ੍ਹਾ ਹੈ, ਇਸ ਲਈ ਇਸ ਦਾ ਵਾਰਤਾਲਾਪ ਬਹੁਤ ਸੰਜਮੀ ਤੇ ਇਸ ਦਾ ਹਰ ਸ਼ਬਦ ਮੁੱਖ - ਮੁਦਰਾ ਰਾਹੀਂ ਪ੍ਰਗਟ ਹੋਣ ਵਾਲਾ ਹੋਣਾ ਚਾਹੀਦਾ ਹੈ।

ਪੰਜਾਬੀ ਨਾਟਕ ਨੇ ਕਲੋਜ਼ - ਅਪ ਵਿਧੀ ਟੀ.ਵੀ.ਤੋਂ ਹੀ ਲਈ ਹੈ । ਦੋ ਪਾਤਰ ਲਾਗੇ ਬਿਠਾ ਕੇ ਉੱਤੇ ਬੱਝਵਾਂ ਚਾਨਣ ਪਾ ਕੇ ਉਹਨਾ ਦੇ ਅੰਦਰਲਾ ਦਵੰਦ ਸਾਕਾਰ ਕੀਤਾ ਜਾਦਾ ਹੈ ;ਜਿਵੇਂ ਟੀ.ਵੀ.ਨਾਟਕ ਵਿਚ ਪਿਛਲੀ ਯਾਦ ਦਾ ਦ੍ਰਿਸ਼ ਨਾਲ ਵਿਖਾਏ ਜਾਂਦੇ ਹਨ ਤਿਵੇਂ ਮੰਚੀ ਨਾਟਕ ਵਿਚ ਪਿਛਲੀ ਝਾਕੀ ਵਿਖਾਈ ਜਾਂਦੀ ਹੈ ।ਕਲੋਜ਼ - ਅਪ ਦੇ ਟੋਟਿਆਂ ਨੂੰ ਜੋੜ ਕੇ ਨਾਟਕੀ ਸ਼ਿਲਪ ਵਿਚ ਤੀਖਣਤਾ ਸਿਰਜੀ ਜਾਂਦੀ ਹੈ । ਰਵੀ ਆਪਣੇ ਕਾਵਿ - ਨਾਟਕਾ ਵਿਚ ਟੀ. ਵੀ. ਵੀਡੀਉ ਟੇਪਾਂ ਦੀ ਵਰਤੋ ਆਮ ਕਰਦਾ ਹੈ। ਵਰਖਾ ਹੁੰਦੀ ਵਿਖਾਉਦਾ ਹੈ । ਗੁੰਝਲਦਾਰ ਜੰਤਰਾਂ ਨਾਲ ਉਸਾਰੀਆਂ ਧੁਨੀਆਂ ਪ੍ਰਤਿਧੁਨੀਆਂ ਨਾਲ ਰੰਗ ਬੰਨ੍ਹਦਾ ਹੈ।

ਮਾਰੋਜ਼ੋਰੀ ਬੋਲਟਨ ਕਹਿੰਦਾ ਹੈ ਕਿ

"ਟੈਲੀਵਿਯਨ ਸਾਧਾਰਨ ਮੰਚੀ ਨਾਟਕਾਂ ਨੂੰ ਸੁਧਾਰ ਕੇ ਆਪਦੀ ਲੋੜ ਅਨੁਸਾਰ ਬਦਲ ਕੇ ਉਹਨਾਂ ਦਰਸ਼ਕਾਂ ਲਈ ਪੇਸ਼ ਕਰਦਾ ਹੈ, ਜਿਨ੍ਹਾਂ ਦੀ ਪਹੁੰਚ ਵਿਚ ਥੀਏਟਰ ਨਹੀਂ ਹੁੰਦਾ,ਇਉਂ ਦੇਸ਼ ਵਿਚ ਨਾਟਕ ਨੂੰ ਸਮਝਣ ਤੇ ਉਸਦੀ ਸ਼ਲਾਘਾ ਕਰਨ ਦੀ ਰੁਚੀ ਪੈਦਾ ਹੁੰਦੀ ਹੈ।"

ਇਹ ਤਾ ਹੀ ਸੰਭਵ ਹੈ ਜੇ ਨਾਟਕ ਦਾ ਟੀ.ਵੀ.ਰੁਪਾਂਤਰ ਬਣਾਉਣ ਸਮੇਂ ਨਾਟਕ ਦੀ ਆਤਮਾ ਨਾ ਮਰੇ ਤੇ ਮਿਹਨਤ ਨਾਲ ਪੇਸ਼ ਕੀਤਾ ਜਾਵੇ ਜਾਂ ਟੀ.ਵੀ.ਲਈ ਉਚੇਚੇ ਨਾਟਕ ਲਿਖਾਏ ਜਾਣ ।ਜਲੰਧਰ ਟੀ.ਵੀ.ਤੇ ਕੇਵਲ ਅੱਧੇ ਘੰਟੇ ਜਾ ਚਾਲੀ ਮਿੰਟ ਦੇ ਨਾਟਕ ਪੇਸ਼ ਕੀਤੇ ਗਏ ਹਨ ਜਾਂ ਕੁਝ ਪੂਰੇ ਮੰਚੀ ਨਾਟਕ ਦੋ ਭਾਗਾਂ ਵਿਚ ਪੇਸ਼ ਕੀਤੇ ਗਏ ਹਨ।

ਰੇਡਿਉ ਨਾਟਕ:-" ਇਹ ਨਾਟਕ ਦੀ ਇਕ ਵੱਖਰੀ ਵੰਨਗੀ ਹੈ ਤੇ ਇਹ ਮੰਚੀ ਨਾਟਕ ਨਾਲੋ ਬਹੁਤ ਵੱਖਰਾ ਹੈ ।ਦ੍ਰਿਸ਼ ਦੀ ਅਣਹੋਂਦ ਹੁੰਦੀ ਹੈ ਤੇ ਕਾਰਜ ਕੇਵਲ ਟਿੱਪਣੀਆਂ ਜਾਂ ਧੁਨੀ ਪ੍ਰਭਾਵਾਂ ਨਾਲ ਅਭਿਵਿਅਕਤ ਕੀਤੇ ਜਾਂਦੇ ਹਨ। "

ਰੇਡੀਉ ਨਾਟਕ ਵੇਖਣ ਵਾਲੀ ਨਹੀ ,ਸੁਣਨ ਵਾਲੀ ਕਲਾ ਹੈ। ਇਸ ਦਾ ਮਾਧਿਅਮ ਅਵਾਜ ਹੈ , ਜਿਹੜੀ ਆਵਾਜ਼ ਮਾਈਕਰੋਫੂਨ ਰਾਹੀਂ ਆਉਂਦੀ ਹੈ । ਰੇਡੀਉ ਨਾਟਕ ਸੁਣਕੇ ਮਾਨਣ ਵਾਲੀ ਕਲਾ ਹੈ, ਇਸ ਲਈ ਇਸ ਦੀ ਵਿਧਾ ਹੀ ਵੱਖਰੀ ਹੈ । ਇਸ ਨੂੰ ਕੰਨ ਰਸ ਦੀ ਨਾਟਕੀ ਕਲਾ ਕਿਹਾ ਜਾਂਦਾ ਹੈ ਧੁਨੀ ਦੇ ਮਾਧਿਅਮ ਰਾਹੀਂ ਇਸ ਵਿਚ ਨਾਟਕੀ ਸਥਿਤੀ ਨਾਟਕੀ ਦ੍ਰਿਸ਼ ਤੇ ਨਾਟਕੀ ਮਾਹੌਲ ਸਿਰਜਿਆ ਜਾਂਦਾ ਹੈ ਉਸਨੂੰ ਚੰਗਾ ਰੇਡੀਓ ਨਾਟਕ ਮੰਨਿਆਂ ਜਾਂਦਾ ਹੈ ।ਜਿਹੜਾ ਕੰਨਾ ਨੂੰ ਅੱਖਾਂ ਬਣਾ ਦੇਵੇ। ਇਸ ਵਿਚ ਰੰਗ- ਮੰਚ ਨਹੀ ਹੁੰਦਾ। ਪਰਦਾ ਨਹੀਂ ਹੁੰਦਾ । ਅਭਿਨੈਤਾ ਹਾਰ ਸ਼ਿੰਗਾਰ ਕਰਕੇ ਸਾਹਮਣੇ ਨਹੀਂ ਆਉਂਦਾ ।ਰੇਡੀਉ ਨਾਟਕ ਸ਼ਬਦ ਧੁਨੀ ਰਾਹੀਂ ਪਾਤਰ ਵਾਚਿਕ ਅਭਿਨੈ ਕਰਦਾ ਹੈ । ਜੰਤਰਿਕ ਧੁਨੀ ਰਾਹੀਂ ਮੰਚ ਜੜਤ ਤੇ ਨਾਟਕ ਦ੍ਰਿਸ਼ ਸਿਰਜਿਆ ਜਾਂਦਾ ਹੈ ।ਜੰਤਰਿਕ ਧੁਨੀਆਂ ਪ੍ਰਤੱਖ ਮੰਚ ਦੀ ਥਾਂ ਸਰੋਤਿਆਂ ਦੇ ਮਨ ਵਿਚ ਕਲਪਿਤ ਮੰਚ ਉਸਾਰ ਦਿੰਦੀਆਂ ਹਨ ,ਇਹ ਸਮੇ ਸਥਾਨ ਦੀ ਅਨੇਕਤਾ ਸਿਰਜ ਦਿੰਦੀਆਂ ਹਨ।ਰੇਡੀਉ ਨਾਟਕ ਭੂਤ , ਭਵਿਖ , ਅਕਾਸ਼ ,ਪਤਾਲ ,ਸਾਗਰ ਦੀਆ ਛਲਾਂ ,ਜਹਾਜ਼ ,ਰੇਲ ਗੱਡੀ ਆਦਿ ਸਭ ਕੁਝ ਪੇਸ਼ ਕਰ ਸਕਦਾ ਹੈ। ਰੇਡੀਉ ਨਾਟਕ ਅਮੂਰਤ ਪਾਤਰਾਂ ਨੂੰ ਮੂਰਤੀਮਾਨ ਕਰਦਾ ਹੈ।ਰੇਡੀਉ ਨਾਟਕ ਵਿਚ ਜਿਥੇ ਕੇਵਲ ਆਵਾਜ਼ ਵਰਤਣ ਦੀ ਖੁਲ੍ਹ ਹੈ ਉਥੇ ਇਸ ਵਿਚ ਹੋਰ ਬਹੁਤ ਖੁਲ੍ਹਾਂ ਵੀ ਹਨ ,ਕਿਉਕਿ ਇਹ ਨਾਟਕ ਆਵਾਜ਼ ਤੇ ਆਵਾਜ਼ ਦੇ ਉਤਰਾ -ਚੜ੍ਹਾ ਦੀ ਕਰਾਮਾਤ ਹੈ ।ਇਸ ਲਈ ਰੇਡੀਓ ਨਾਟਕਾਂ ਦੇ ਖਰੜੇ ਮੰਚੀ ਨਾਟਕ ਦੇ ਖਰੜਿਆਂ ਨਾਲੋਂ ਪੜ੍ਹ ਕੇ ਸੁਲਾਹੁਣੇ ਬਹੁਤ ਔਖੇ ਹਨ।

ਰੇਡੀਉ ਨਾਟਕਾ ਵਿਚ ਪਿਛੋਕੜ ਦੀਆਂ ਆਵਾਜ਼ਾਂ ਨਾਲ ਨਾਟਕ ਉਸਾਰਨ ਦੀ ਜੁਗਤੀ ਤੇ ਨਾਇਕ ਨੂੰ ਨਾਟਕ ਤੋਂ ਬਾਹਰ ਰਖਕੇ ਨਾਇਕ ਨੂੰ ਉਸਾਰਨ ਦੀ ਸ਼ਿਲਪ - ਵਿਧੀ ਨਾਟਕਕਾਰਾਂ ਨੇ ਰੇਡੀਉ ਤੋ ਸਿਖੀ ਹੈ। ਅਮੂਰਤ ਨੂੰ ਮੁਰਤੀਮਾਨ ਕਰਨਾ, ਨਿਰਜਿੰਦ ਵਸਤੂ ਨੂੰ ਸੁਜੀਵ ਬਣਾਉਂਣਾ ,ਔਖਾ ਕਾਰਜ ਪਰਦੇ ਪਿਛੇ ਵਾਪਰਦਾ ਵਿਖਾਉਣਾ ,ਨਦੀਆਂ ਦੀਆਂ ਲਹਿਰਾਂ ਦਾ ਪ੍ਰਭਾਵ ਸਿਰਜਣਾ ਆਦਿ ਸਭ ਕੁਝ ਰੇਡੀਉ ਦੀ ਧੁਨੀ - ਵਿਧੀ ਤੋ ਆਇਆ ਹੈ। ਨਾਟਕੀ ਸ਼ਿਲਪ ਵਿਚ ਵਿਸ਼ਾਲਤਾ ਤੇ ਸੰਘਣਾਂਪਣ ਆਇਆ ਹੈ। ਰਵੀ ਨੇ ਬੀਮਾਰ ਸਦੀ ਵਿਚ ਪਿਛੋਕੜ ਦੀਆਂ ਆਵਾਜ਼ਾਂ ਦਾ ਬਹੁਤ ਪ੍ਰਯੋਗ ਕੀਤਾ ਹੈ। ਪਿਛੋਕੜ ਦੇ ਹਾਸਿਆਂ ਤੇ ਕੀਰਨਿਆਂ ਨਾਲ ਪਾਤਰਾਂ ਨੂੰ ਪਿੰਜਿਆ ਹੈ।

ਮੰਚੀ ਨਾਟਕ ਵਿਚ ਆਵਾਜਾਂ ਨਾਲ ਮਾਹੌਲ ਸਿਰਜਿਆ ਜਾਂਦਾ ਹੈ ।ਨਾਟਕ ਵਿਚ ਆਏ ਯੁੱਧ ਫਸਾਦ ,ਹਜੂਮ ਤੇ ਹੋਰ ਰੋਲਾ -ਗੋਲਾ ਪਿਛੋਕੜ ਦੀਆਂ ਆਵਾਜਾਂ ਨਾਲ ਸਿਰਜਿਆ ਜਾਂਦਾ ਹੈ।ਕਈ ਵਾਰ ਪੁਰਾਣੀ ਲੁਕਵੀਂ ਸੂਚਨਾਂ ਵਿਧੀ ਅਨੁਸਾਰ ਮੰਚ ਤੇ ਨਾ ਸਿਰਜਿਆ ਜਾ ਸਕਣ ਵਾਲਾ ਕਾਰਜ ਮੰਚ ਦੀਆਂ ਪਿਛੋਕੜ ਦੀਆਂ ਆਵਾਜਾਂ ਨਾਲ ਉਸਾਰਿਆ ਜਾਂਦਾ ਹੈ ।ਕਦੀ ਦੋਹ ਦੀ ਲੜਾਈ ਤੇ ਇਕ ਦਾ ਕਤਲ ਹੁੰਦਾ ਦਿਖਾਉਣ ਲਈ ਪਹਿਲਾਂ ਇਕ ਪਾਤਰ ਤੇਜ਼ੀ ਨਾਲ ਇਕ ਪਾਸਿਉ ਡਰਿਆ ਤੇ ਘਬਰਾਇਆ ਲੰਘਦਾ ਹੈ ।ਉਸਦੇ ਮਗਰ ਦੂਜਾ ਬਰਛਾ ਲਈ ਆਉਂਦਾ ਹੈ ।ਪਹਿਲਾਂ ਪਰਦੇ ਪਿੱਛੇ ਚਲਾ ਜਾਂਦਾ ਹੈ ।ਦੂਜਾ ਵੀ ਮਗਰ ਜਾਂਦਾ ਹੈ

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

।ਬਰਛਾ ਲੱਗਣ ਦੀ ਆਵਾਜ ਤੇ ਬਰਛਾ ਖਾਣ ਵਾਲੇ ਦੀ ਚੀਕ ਪਿੱਛੋ ਸੁਣਾਈ ਦਿੰਦੀ ਹੈ। ਪਾਤਰ ਪਿਛਲੀਆਂ ਆਵਾਜ਼ਾਂ ਨਾਲ ਟਕਰਾ ਕੇ ਉਸਾਰੇ ਜਾਂਦੇ ਹਨ।ਪਿਛੋਕੜ ਦੀ ਆਵਾਜ ਨਾਲਪਾਤਰ ਨੂੰ ਪੁਰਾਣੀ ਵਾਪਰੀ ਘਟਨਾ ਯਾਦ ਕਰਾਈ ਜਾਦੀ ਹੈ ।ਉਦਹਾਰਣ ਵਜੋਂ ਸਭ ਤੋ ਪਹਿਲਾਂ ਗੁਰਦਿਆਲ ਸਿੰਘ ਫੁੱਲ ਨੇ ਇਹ ਵਿਧੀ ‘ ਕਲਜੁਗ ਰਥ ਅਗਨਿ ਕਾ’ਵਿਚ ਵਰਤੀ।ਫਿਰ ਹਰਚਰਨ ਸਿੰਘ ਨੇ ‘ਜਫਰਨਾਮੇ’ ਵਿਚ ਵਰਤੀ ।ਅੱਜ ਅਨੇਕਾਂ ਨਾਟਕਾਂ ਵਿਚ ਇਹ ਵਿਧੀ ਵਰਤੀ ਜਾਂਦੀ ਹੈ ।ਪੰਜਾਬੀ ਨਾਟਕ ਦੀ ਨਾਟਕੀ ਸ਼ਿਲਪ ਵਿਚ ਨਾਇਕ ਨੂੰ ਨਾਟਕ ਤੋ ਬਾਹਰ ਰਖ ਕੇ ਨਾਇਕ ਨੂੰ ਉਸਾਰਨ ਦੀ ਨਵੀਂ ਵਿਧੀ ਜਨਮੀ ਹੈ।

ਅੱਜ ਪੰਜਾਬੀ ਮੰਚੀ ਨਾਟਕ ਵੱਖ –ਵੱਖ ਪ੍ਰਭਾਵ ਲੈ ਕੇ ਨਾਟਕੀ ਸ਼ਿਲਪ ਦੇ ਪੱਖ ਤੋਂ ਨਾਟਕੀ ਮੰਚਣ ਦੇ ਪੱਖੋਂ ਬਹੁਤ ਵਿਕਾਸ ਕਰ ਰਿਹਾ ਹੈ ਅਤੇ ਬਹੁਤ ਜਟਿਲ ਤੇ ਅੰਤਰ ਮੁਖੀ ਵਿਸ਼ੇ ਲੈਣ ਤੇ ਯਥਾਰਥ ਵਿਚੋਂ ਅਸਲੀ ਕਾਵਿਕ ਤੇ ਆਤਮਿਕ ਯਥਾਰਥ ਲੱਭਣ ਦਾ ਯਤਨ ਕਰ ਰਿਹਾ ਹੈ।ਅਸਲ ਵਿੱਚ ਅਧੁਨਿਕ ਨਾਟਕ ਮਨੁੱਖ ਨੂੰ ਅੰਦਰੂਨੀ ਤੇ ਬਾਹਰੀ ਦੋਹਾਂ ਤਰੀਕਿਆਂ ਤੋਂ ਅਨੰਦ ਵੀ ਦੇ ਰਿਹਾ ਹੈ ਤੇ ਮਨੋਰੰਜਨ ਵੀ ਕਰਾ ਰਿਹਾ ਹੈ। ਮਨੁੱਖ ਘਰ ਬੈਠਾ ਟੀ.ਵੀ.ਰਾਹੀ ਤੇ ਰੇਡੀਓ ਰਾਹੀਂ ਨਾਟਕ ਦੇਖਕੇ ਕਈ ਸਮਾਜਿਕ ਸਮੱਸਿਆਵਾਂ ਦਾ ਹੱਲ ਵੀ ਲੱਭ ਸਕਦਾ ਹੈ ਤੇ ਮਨੋਰੰਜਨ ਵੀ ਕਰ ਸਕਦਾ ਹੈ।

## ਸਹਾਇਕ ਪੁਸਤਕ ਸੂਚੀ


1. Balwant Gargi, RangManch.Navjug Publishers- New Delhi.

2। ਹਜ਼ਾਰੀ ਪ੍ਰਸਾਦ ਦਿਵ੍ਵੇਂਦੀ,ਪ੍ਰਿਥੀ ਨਾਥ ਦ੍ਵਿਵ੍ਵੇਂਦੀ:- ਨਾਟਯ ਸ਼ਾਸਤ੍ਰ ਦੀ ਭਾਰਤੀ ਪਰੰਪਰਾ ਔਰ ਦਸ਼ਰੂਪਕ, ਪੰਨੇ 41,42.

3। ਸ਼ਾਂਤੀ ਗੁਪਾਲ ਪਰੋਹਿਤ: ਨਾਟਯ ਦਰਸ਼ਨ, ਪੰਨਾ 82

4। ਉਹੀ ਪੰਨਾ 89.

5। ਰਾਮ ਸਾਗਰ ਤ੍ਰਿਪਾਠੀ: ਭਾਰਤੀ ਨਾਟਯ ਸ਼ਾਸਤ੍ਰ ਔਰ ਰੰਗ ਮੰਚ , ਪੰਨਾ 153

6. India Today, 15 May, 1991.

7. J. I. styan ;Telvision Drama, P.186.

8। ਡਾ. ਸੰਤੋਸ਼ ਗਾਰਗੀ, ਅਧੁਨਿਕ ਹਿੰਦੀ ਔਰ ਪੰਜਾਬੀ ਨਾਟਕ (ਹਿੰਦੀ) ਪੰਨਾ 309

9। ਸਰਦਾਰਜੀਤ ਬਾਵਾ, ਨਿਜੀ ਚਿੱਠੀ ਮਿਤੀ 19.9.1983.

10. Marjorie Boulton, The Anatomy of Drama. P26.

11। ਉਹੀ ,ਪੰਨਾ 25